ਸਕੂਲ ਅੱਗੇ ਬ੍ਰ ...
ਉਸ ਤੋਂ ਮੰਨ ਦੀ ਚੈਨ ਖੋਹ ਲਈ ਅਤੇ ਉਸਦੇ ਨਾਲ ਮਾਰਕੁੱਟ ਕੀਤੀ। ਪੁਲਸ ਨੇ ਸਾਰੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ

# ਹੱਤਿਆ ਦੇ ਮਾਮਲੇ 'ਚ 4 ਹੋਰ ਦੋਸ਼ੀ ਕਾਬੂ

ਅਬੋਹਰ, 28 ਜੁਲਾਈ (ਸੁਨੀਲ, ਰਹੇਜਾ)—ਪਿੰਡ ਗਦਾਡੋਬ ਵਿਚ ਹੋਈ ਇਕ ਹੱਤਿਆ ਦੇ ਮਾਮਲੇ 'ਚ ਸਦਰ ਥਾਣਾ ਪੁਲਸ ਦੇ ਮੁਖੀ ਬਲਜੀਤ ਸਿੰਘ ਤੇ ਪੁਲਸ ਪਾਰਟੀ ਨੇ 4 ਹੋਰ ਦੋਸ਼ੀਆਂ ਗੁਰਦੀਪ ਸਿੰਘ ਪੁੱਤਰ ਤੇਜ ਸਿੰਘ, ਸੁਖਚੈਨ ਸਿੰਘ ਪੁੱਤਰ ਮਖਣ ਸਿੰਘ, ਗੁਰਦੇਵ ਸਿੰਘ ਪੁੱਤਰ ਰਾਮ ਸਿੰਘ, ਤੇਜ ਸਿੰਘ ਪੁੱਤਰ ਰਾਮ ਸਿੰਘ ਨੂੰ ਕਾਬੂ ਕਰਕੇ ਮਾਣਯੋਗ ਜੱਜ ਰਾਹੁਲ ਕੁਮਾਰ ਦੀ ਅਦਾਲਤ ਵਿਚ ਪੇਸ਼ ਕੀਤਾ ਜਿਥੇ ਮਾਣਯੋਗ ਜੱਜ ਨੇ ਦੋਸ਼ੀਆਂ ਨੂੰ ਜੇਲ ਭੇਜਣ ਦੇ ਆਦੇਸ਼ ਦਿੱਤੇ।

ਜ਼ਿਕਰਯੋਗ ਹੈ ਕਿ ਸਦਰ ਥਾਣਾ ਪੁਲਸ ਜਿਸ ਤੋਂ ਪਹਿਲਾਂ ਇਸ ਮਾਮਲੇ ਵਿਚ 5 ਦੋਸ਼ੀਆਂ ਨੂੰ ਕਾਬੂ ਕਰ ਚੁੱਕੀ ਹੈ। ਉਨ੍ਹਾਂ ਨੂੰ ਅਦਾਲਤ ਵੱਲੋਂ ਜੇਲ ਭੇਜਿਆ ਜਾ ਚੁਕਿਆ ਹੈ।

ਜ਼ਿਕਰਯੋਗ ਹੈ ਕਿ ਪਿੰਡ ਗਦਾਡੋਬ ਵਾਸੀ ਸੁਰਿੰਦਰ ਸਿੰਘ ਪੁੱਤਰ ਰੰਜੀਤ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸਦੇ ਪਿਤਾ ਰੰਜੀਤ ਸਿੰਘ ਨੂੰ 15.7.2017 ਨੂੰ ਕੁਝ ਲੋਕਾਂ ਨੇ ਘਰ 'ਚੋਂ ਚੁੱਕ ਕੇ ਆਪਣੇ ਘਰ ਲੈ ਜਾ ਕੇ ਹਮਲਾ ਕੀਤਾ।

ਉਨ੍ਹਾਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉਥੇ ਉਸ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ। ਫਰੀਦਕੋਟ ਜਾਂਦੇ ਸਮੇਂ ਉਸਦੇ ਪਿਤਾ ਦੀ ਮੌਤ ਹੋ ਗਈ ਸੀ। ਇਸ ਮਾਮਲੇ ਦੀ ਪੁਲਸ ਕਾਰਵਾਈ ਕਰ ਰਹੀ ਹੈ।



ਪੁਲਸ ਪਾਰਟੀ ਤੇ ਦੋਸ਼ੀ। (ਰਹੇਜਾ)

# ਜ਼ਿਲਾ ਪੁਲਸ ਪ੍ਰਮੁੱਖ ਨੇ ਪੁਲਸ ਕਰਮਚਾਰੀਆਂ ਦੀਆਂ ਸੁਣੀਆਂ ਮੁਸ਼ਕਲਾਂ

ਫਾਜ਼ਿਲਕਾ/ਜਲਾਲਾਬਾਦ, 28 ਜੁਲਾਈ (ਨਾਗਪਾਲ, ਨਿਝੱਰ)—ਫਾਜ਼ਿਲਕਾ ਦੇ ਐੱਸ.ਐੱਸ.ਪੀ. ਡਾ. ਕੇਤਨ ਬਾਲੀਰਾਮ ਪਾਟਿਲ ਦੀ ਅਗਵਾਈ ਵਿਚ ਅੱਜ ਪੁਲਸ ਲਾਈਨ ਫਾਜ਼ਿਲਕਾ ਵਿਚ ਜ਼ਿਲਾ ਪੁਲਸ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਜ਼ਿਲਾ ਫਾਜ਼ਿਲਕਾ ਦੀ ਹਰਿਆਲੀ ਵਧਾਉਣ ਮੌਕੇ ਵਾਤਾਵਰਣ ਹਰਿਆਲਾ ਅਤੇ ਸਵੱਛ ਵਾਤਾਵਰਣ ਦੀ ਸਿਰਜਣਾ ਲਈ ਬੂਟੇ ਲਾਏ ਗਏ।

ਇਸ ਮੌਕੇ ਜ਼ਿਲਾ ਪੁਲਸ ਪ੍ਰਮੁੱਖ ਵੱਲੋਂ ਪੁਲਸ ਕਰਮਚਾਰੀਆਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਮੌਕੇ 'ਤੇ ਹੀ ਉਨ੍ਹਾਂ ਮੁਸ਼ਕਲਾਂ ... ਵਿਚ ਵੈੱਲਫੇਅਰ ਮੀਟਿੰਗ/ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੁਲਸ ਵਿਭਾਗ ਅੰਦਰ ਪੰਜਾਬ ਹੋਮਗਾਰਡਜ਼ ਦੇ ਜਿਨ੍ਹਾਂ ... ਦੌਰਾਨ ਗੰਭੀਰ ਜ਼ਖਮੀ ਹੋਏ ਹਨ ਜਾਂ ਕਿਸੇ ਜਾਨਲੇਵਾ ਬੀਮਾਰੀ ਨਾਲ ਜੂਝ ਰਹੇ ਹਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ।

ਇਸ ਮੌਕੇ ਪੁਲਸ ਕਪਤਾਨ (ਸਥਾਨਕ) ਫਾਜ਼ਿਲਕਾ ਜਸਵਿੰਦਰ ਸਿੰਘ ਖਹਿਰਾ, ਪੁਲਸ ਕਪਤਾਨ ਮੁਖਤਿਆਰ ਸਿੰਘ, ਪੁਲਸ ਕਪਤਾਨ ਅਬੋਹਰ ਅਮਰਜੀਤ ਸਿੰਘ, ਉਪ ਕਪਤਾਨ ਪੁਲਸ ਹੈੱਡਕੁਆਟਰ ਰਾਹੁਲ ਭਾਰਦਵਾਜ, ਉਪ ਕਪਤਾਨ ਫਾਜ਼ਿਲਕਾ ਸਬ-ਡਵੀਜ਼ਨ ਨਰਿੰਦਰ ਸਿੰਘ, ਉਪ ਕਪਤਾਨ ਸਬ-ਡਵੀਜ਼ਨ ਅਬੋਹਰ ਗੁਰਵਿੰਦਰ



ਐੱਸ.ਐੱਸ.ਪੀ. ਡਾ. ਕੇਤਨ ਬਾਲੀਰਾਮ ਪਾਟਿਲ ਦੀ ਅਗਵਾਈ 'ਚ ਪੁਲਸ ਅਧਿਕਾਰੀ ਤੇ ਕਰਮਚਾਰੀ ਬੂਟੇ ਲਾਉਂਦੇ ਹੋਏ।

29-07-17



ਏ. ਐਸ. ਆਈ. ਸੁਰਿੰਦਰ ਕੁਮਾਰ ਨਿਝੰਜ ਸਾਥੀ ਮੁਲਾਜ਼ਮਾਂ ਨਾਲ ਬੂਟਾ ਲਗਾਉਂਦੇ ਹੋਏ। ਤਸਵੀਰ: ਰਾਕੇਸ਼ ਛਾਬੜਾ

## ਪੁਲਿਸ ਚੌਕੀ 'ਚ ਵਣ-ਮਹਾਂਉਤਸਵ ਮਨਾਇਆ

ਮੰਡੀ ਲਾਧੂਕਾ, 28 ਜੁਲਾਈ (ਰਾਕੇਸ਼ ਛਾਬੜਾ)- ਵਾਤਾਵਰਨ ਦੀ ਸੰਭਾਲ ਮਨੁੱਖ ਦਾ ਪਹਿਲਾ ਫਰਜ਼ ਬਣਦਾ ਹੈ ਤੇ ਆਉਣ ਵਾਲੀਆਂ ਪੀੜੀਆਂ ਨੂੰ ਚੰਗਾ ਵਾਤਾਵਰਨ ਪ੍ਰਦਾਨ ਕਰਨ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਇਹ ਵਿਚਾਰ ਮੰਡੀ ਦੀ ਪੁਲਿਸ ਚੌਕੀ ਦੇ ਇੰਚਾਰਜ ਏ. ਐਸ. ਆਈ. ਸੁਰਿੰਦਰ ਕੁਮਾਰ ਨਿਝੰਜ ਨੇ ਪੁਲਿਸ ਚੌਕੀ ਵਿਚ ਪੱਤਰਕਾਰਾਂ ਤੇ ਪਤਵੰਤਿਆਂ ਦੇ ਨਾਲ ਸਾਂਝੇ ਕੀਤੇ। ਇਸ ਮੌਕੇ ਚੌਕੀ ਦੀ ਹਦੂਦ ਅੰਦਰ ਛਾਂਦਾਰ ਬੂਟੇ ਵੀ ਲਗਾਏ ਗਏ। ਇਸ ਮੌਕੇ ਪੁਲਿਸ ਮੁਲਾਜ਼ਮ ਕਰਨੈਲ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ, ਨਾਹਰ ਸਿੰਘ, ਦੇਸ ਰਾਜ, ਕੁਲਵਿੰਦਰ ਸਿੰਘ, ਸੁਰਿੰਦਰ ਪਾਲ ਸਿੰਘ, ਮਹਿੰਦਰ ਸਿੰਘ, ਸੰਜੀਵ ਕੁ. ਰਾਮ ਚੰਦ ਆਦਿ ਹਾਜ਼ਰ ਸਨ।



ਫਾਜ਼ਿਲਕਾ ਦੇ ਜ਼ਿਲ੍ਹਾ ਪੁਲਿਸ ਮੁਖੀ ਡਾ. ਕੇਤਨ ਬਲੀਰਾਮ ਪਾਟਿਲ ਖੁੱਲ੍ਹੇ ਦਰਬਾਰ 'ਚ ਪੁਲਿਸ ਕਰਮਚਾਰੀਆਂ ਦੀਆਂ ਮੁਸ਼ਕਲਾਂ ਸੁਣਦੇ ਹੋਏ। ਤਸਵੀਰ: ਪ੍ਰਦੀਪ ਕੁਮਾਰ

ਸ਼ੁੱਕਰਵਾਰ ਦਰਬਾਰ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾ ਪੁਲਿਸ ਲਾਈਨ ਵਿਚ ਵੈਲਫੇਅਰ ਮੀਟਿੰਗ ਕੀਤੀ ਜਾਂਦੀ ਸੀ। ਹੁਣ ਇਸ ਵਿਚ ਬਦਲਾਅ ਕਰਦਿਆਂ ਹਰ ਪੁਲਿਸ ਕਰਮਚਾਰੀ ਦੇ ਜਨਮ ਦਿਨ ਤੇ ਵਿਆਹ ਦੀ ਵਰ੍ਹੇਗੰਢ ਮੌਕੇ ਗੁਲਦਸਤੇ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਮੁਲਾਜ਼ਮਾਂ ਤੇ ਪੰਜਾਬ ਹੋਮ ਗਾਰਡ ਦੇ ਜਿਨ੍ਹਾਂ ਜਵਾਨਾਂ ਦੀ ਮੌਤ ਹੋ ਚੁੱਕੀ ਹੈ, ਜਾਂ ਡਿਊਟੀ ਦੌਰਾਨ

ਕਿ ਡਿਊਟੀ ਦੌਰਾਨ ਪੁਲਿਸ ਕਰਮਚਾਰੀ ਆਪਣੇ ਪਰਿਵਾਰ ਦਾ ਜ਼ਿਆਦਾ ਖਿਆਲ ਨਹੀਂ ਦੇ ਸਕਦੇ, ਜਿਸ ਨੂੰ ਦੇਖਦਿਆਂ ਪੁਲਿਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਬੱਚਿਆਂ ਦੇ ਉੱਜਲ ਭਵਿੱਖ ਲਈ ਪੁਲਿਸ ਲਾਈਨ ਵਿਚ ਲੈਕਚਰ ਲਗਾਏ ਜਾਣਗੇ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਕੰਪਿਊਟਰ ਦੇ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲਿਸ ਕਰਮਚਾਰੀਆਂ ਦੀ ਫਿਟਨੈਸ ਦੇ ਲਈ ਮਾਹਿਰ ਡਾਕਟਰਾਂ ਵੱਲੋਂ [illegible]

ਕਰਮਚਾਰੀਆਂ ਵੱਲੋਂ ਪਰਿਵਾਰਿਕ ਮੈਂਬਰਾਂ ਦੀ ਸਹਾਇਤਾ ਲਈ ਪੁਲਿਸ ਵੈਲਫੇਅਰ ਫੰਡ ਦੀ 11 ਹਜ਼ਾਰ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾ ਡਾ. ਕੇਤਨ ਬਲੀਰਾਮ ਪਾਟਿਲ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਐਸ. ਪੀ. ਐਚ. ਜਸਵਿੰਦਰ ਸਿੰਘ, ਐਸ. ਪੀ. ਡੀ. ਮੁਖਤਿਆਰ ਸਿੰਘ, ਐਸ. ਪੀ. ਅਵਿੰਦਰ ਅਮਰਜੀਤ ਸਿੰਘ ਮਟਵਾਨੀ, ਐਸ. ਪੀ. [illegible]

ਅਜੀਤ 29-07-17

## 20 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

ਅਬੋਹਰ, 28 ਜੁਲਾਈ (ਕੁਲਦੀਪ ਸਿੰਘ ਸੰਧੂ)- ਥਾਣਾ ਖੂਈਆਂ ਸਰਵਰ ਦੀ ਪੁਲਿਸ ਵੱਲੋਂ ਇਕ ਵਿਅਕਤੀ ਨੂੰ ਰਾਜਸਥਾਨ ਦੀ ਨਾਜਾਇਜ਼ 20 ਬੋਤਲਾਂ ਦੇਸੀ ਸ਼ਰਾਬ ਸਮੇਤ ਕਾਬੂ ਕਰਨ ਦੀ ਖ਼ਬਰ ਹੈ। ਜਾਣਕਾਰੀ ਮੁਤਾਬਿਕ ਥਾਣਾ ਖੂਈਆਂ ਸਰਵਰ ਦੇ ਹੈੱਡ ਕਾਂਸਟੇਬਲ ਪ੍ਰਿਤਪਾਲ ਸਿੰਘ ਨੂੰ ਪਿੰਡ ਪੰਜਾਵਾ ਮਾਡਲ ਵਿਖੇ ਗਸ਼ਤ ਦੌਰਾਨ ਇਕ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਖ਼ੁਸ਼ੀ ਰਾਮ ਪੁੱਤਰ ਰਾਮ ਚੰਦਰ ਵਾਸੀ ਪੰਜਾਵਾ ਮਾਡਲ ਨਾਜਾਇਜ਼ ਤੌਰ 'ਤੇ ਸ਼ਰਾਬ ਵੇਚਦਾ ਹੈ, ਜਦ ਪੁਲਿਸ ਪਾਰਟੀ ਨੇ ਉਸ ਦੇ ਘਰ ਛਾਪਾਮਾਰੀ ਕੀਤੀ ਤਾਂ ਉਸ ਨੂੰ 20 ਬੋਤਲਾਂ ਰਾਜਸਥਾਨ ਦੀ ਦੇਸੀ ਸ਼ਰਾਬ ਸਮੇਤ ਕਾਬੂ ਕਰ ਲਿਆ।



ਫ਼ਾਜ਼ਿਲਕਾ ਦੇ ਪੁਲਿਸ ਮੁਖੀ ਡਾ: ਕੇਤਨ ਬਲੀਰਾਮ ਪਾਟਿਲ ਤੇ ਹੋਰ ਪੁਲਿਸ ਅਧਿਕਾਰੀ ਪੁਲਿਸ ਲਾਈਨ ਵਿਖੇ ਬੂਟੇ ਲਗਾਉਂਦੇ ਹੋਏ। ਤਸਵੀਰ-ਪ੍ਰਦੀਪ ਕੁਮਾਰ

# ਪੰਜਾਬ ਪੁਲਿਸ ਚਲਾਵੇਗੀ ਵਾਤਾਵਰਨ ਦੀ ਬਿਹਤਰੀ ਲਈ ਮੁਹਿੰਮ

## ਜ਼ਿਲ੍ਹੇ 'ਚ ਲਗਾਏ ਜਾਣਗੇ ਡੇਢ ਲੱਖ ਬੂਟੇ

ਫ਼ਾਜ਼ਿਲਕਾ, 28 ਜੁਲਾਈ (ਸਟਾਫ਼ ਰਿਪੋਰਟਰ)- ਪੁਲਿਸ ਵਾਤਾਵਰਨ ਨੂੰ ਬਚਾਉਣ ਲਈ ਮੁਹਿੰਮ ਛੇੜੇਗੀ, ਜਿਸ ਦੇ ਤਹਿਤ ਜ਼ਿਲ੍ਹਾ ਫ਼ਾਜ਼ਿਲਕਾ ਪੁਲਿਸ ਵੱਲੋਂ ਜ਼ਿਲ੍ਹੇ ਭਰ ਵਿਚ ਡੇਢ ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਫ਼ਾਜ਼ਿਲਕਾ ਪੁਲਿਸ ਵੱਲੋਂ ਸਾਂਝੀਆਂ ਥਾਵਾਂ, ਪੁਲਿਸ ਥਾਣਿਆਂ, ਚੌਕੀਆਂ ਆਦਿ 'ਚ ਬੂਟੇ ਲਗਾਏ ਜਾਣਗੇ। ਇਸ ਮੁਹਿੰਮ ਦੇ ਤਹਿਤ ਜ਼ਿਲ੍ਹਾ ਪੁਲਿਸ ਮੁਖੀ ਨੇ ਪੁਲਿਸ ਲਾਈਨ 'ਚ ਬੂਟੇ ਵੀ ਲਗਾਏ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਡਾ. ਕੇਤਨ ਬਲੀਰਾਮ ਪਾਟਿਲ ਨੇ ਦੱਸਿਆ ਕਿ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਲਈ ਇਹ ਮੁਹਿੰਮ ਛੇੜੀ ਗਈ ਹੈ। ਉਨ੍ਹਾਂ ਕਿਹਾ ਕਿ ਡੇਢ ਲੱਖ ਬੂਟੇ ਲਗਾਉਣ ਦਾ ਟੀਚਾ ਪੰਜਾਬ ਪੁਲਿਸ ਜ਼ਿਲ੍ਹੇ ਅੰਦਰ 15 ਅਗਸਤ ਤੱਕ ਪੂਰਾ ਕਰ ਲਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਵੱਲੋਂ ਹੁਣ ਤੱਕ 50 ਹਜ਼ਾਰ ਬੂਟੇ ਲਗਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਵੱਲੋਂ ਚਲਾਈ ਮੁਹਿੰਮ ਵਿਚ ਵੀ ਪੁਲਿਸ ਪੂਰਾ ਸਹਿਯੋਗ ਕਰੇਗੀ। ਉਨ੍ਹਾਂ ਕਿਹਾ ਕਿ ਹਰ ਥਾਣਾ ਮੁਖੀ ਨੂੰ ਪੰਜ ਪੰਜ ਹਜ਼ਾਰ ਬੂਟੇ ਲਗਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।